# ਪੰਜਾਬ ਸਕੂਲ ਸਿੱਖਿਆ ਬੋਰਡ

## ਰਿਵਾਈਜ਼ਡ ਸ਼ਡਿਊਲ

**ਸੈਸ਼ਨ 2025-26 ਲਈ ਨੌਵੀਂ ਅਤੇ ਗਿਆਰ੍ਹਵੀਂ ਸ਼੍ਰੇਣੀਆਂ ਦਾ ਨਤੀਜਾ ਬੋਰਡ ਦੇ ਆਨ-ਲਾਈਨ ਪੋਰਟਲ ਵਿੱਚ ਅਪਲੋਡ ਕਰਨ ਸਬੰਧੀ।**

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਮੂਹ ਸਕੂਲ ਮੁਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੈਂਸਜ਼ 2027 ਦੀ ਜਨਗਣਨਾ ਲਈ ਅਧਿਆਪਕਾਂ ਦੀ ਲੱਗੀ ਡਿਊਟੀ ਨੂੰ ਧਿਆਨ ਵਿੱਚ ਰੱਖਦੇ ਹੋਏ ਸੈਸ਼ਨ 2025-26 ਲਈ ਨੌਵੀਂ ਅਤੇ ਗਿਆਰ੍ਹਵੀਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦਾ ਨਤੀਜਾ ਸਕੂਲਾਂ ਦੀ ਲਾਗਇੰਨ ਆਈ. ਡੀ. ਰਾਹੀਂ ਆਨ-ਲਾਈਨ ਪੋਰਟਲ ਤੇ ਅਪਲੋਡ, ਫਾਈਨਲ ਸਬਮਿਸ਼ਨ ਅਤੇ ਸੋਧ ਕਰਨ ਸਬੰਧੀ ਹੇਠ ਲਿਖੇ ਅਨੁਸਾਰ ਰਿਵਾਈਜ਼ਡ ਸ਼ਡਿਊਲ ਨਿਰਧਾਰਿਤ ਕੀਤਾ ਜਾਂਦਾ ਹੈ:-

| | ਨਿਰਧਾਰਿਤ ਮਿਤੀ | ਪੱਧਰ |
|---|---|---|
| ਬਿਨਾਂ ਫੀਸ ਦੇ | 12-05-2026 ਤੱਕ | ਸਕੂਲ ਪੱਧਰ ਤੇ |
| **ਨਿਰਧਾਰਿਤ ਮਿਤੀ 12-05-2026 ਤੋਂ ਬਾਅਦ ਜੁਰਮਾਨਾ/ਸੋਧ ਫੀਸ ਪ੍ਰਤੀ ਵਿਦਿਆਰਥੀ ਆਨਲਾਈਨ ਵਿਧੀ ਰਾਹੀਂ** | | |
| 200/-ਰੁ: | 13-05-2026 ਤੋਂ 02-06-2026 ਤੱਕ | ਸਕੂਲ ਪੱਧਰ ਤੇ |
| 500/- ਰੁ: | 03-06-2026 ਤੋਂ 15-07-2026 ਤੱਕ | ਸਕੂਲ ਪੱਧਰ ਤੇ |

**ਨੋਟ :-**

1. ਸੈਸ਼ਨ 2025-26 ਲਈ ਨੌਵੀਂ ਅਤੇ ਗਿਆਰ੍ਹਵੀਂ ਸ਼੍ਰੇਣੀਆਂ ਦੇ ਦੂਜੇ ਰਾਜਾਂ/ਬੋਰਡਾਂ ਤੋਂ ਆਏ ਵਿਦਿਆਰਥੀਆਂ ਜਿਨ੍ਹਾਂ ਦੇ ਦਸਤਾਵੇਜ ਅਧੂਰੇ ਜਾਂ ਸਹੀ ਨਾ ਹੋਣ ਕਾਰਨ ਰਜਿਸਟ੍ਰੇਸ਼ਨ ਨੰਬਰ ਜਾਰੀ ਨਹੀਂ ਹੋਏ ਅਤੇ Online Error ਲੱਗੇ ਹੋਏ ਹਨ, ਦਾ ਨਤੀਜਾ By-Default RLE ਹੀ Show ਹੋਵੇਗਾ। ਲੋੜੀਂਦੇ/ਸਹੀ ਦਸਤਾਵੇਜ ਰਜਿਸਟ੍ਰੇਸ਼ਨ ਸ਼ਾਖਾ ਵਿੱਚ ਜਮ੍ਹਾਂ ਕਰਵਾਕੇ ਰਜਿਸਟ੍ਰੇਸ਼ਨ ਨੰਬਰ ਜਾਰੀ ਕਰਵਾਉਣ ਉਪਰੰਤ ਹੀ ਨਤੀਜਾ ਆਨ-ਲਾਈਨ ਭਰਿਆ ਜਾ ਸਕੇਗਾ। ਜਿਨ੍ਹਾਂ ਵਿਦਿਆਰਥੀਆਂ ਦਾ ਨਤੀਜਾ By-Default RLE Show ਹੋ ਰਿਹਾ ਹੈ ਉਨ੍ਹਾਂ ਵਿਦਿਆਰਥੀਆਂ ਦਾ ਨਤੀਜਾ By-Default RLE ਨਾਲ ਹੀ ਸਮੂਹ ਵਿਦਿਆਰਥੀਆਂ ਦਾ ਨਤੀਜੇ ਨੂੰ ਅਪਲੋਡ ਕਰਨਾ ਯਕੀਨੀ ਬਣਾਇਆ ਜਾਵੇ।
2. ਨਤੀਜਾ ਸਹੀ ਅਤੇ ਸਮੇਂ ਸਿਰ ਅਪਲੋਡ ਕਰਵਾਉਣ ਦੀ ਸਮੁੱਚੀ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ। ਪਹਿਲਾਂ ਜਾਰੀ ਸੂਚਨਾ/ਸ਼ਡਿਊਲ ਵਿੱਚ ਦਰਜ ਹਦਾਇਤਾਂ/ਸ਼ਰਤਾਂ ਇੰਨ-ਬਿੰਨ ਲਾਗੂ ਰਹਿਣਗੀਆਂ।

ਡਾਇਰੈਕਟਰ (ਕੰਪਿਊਟਰ)

Scanned with OKEN Scanner